بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 02.10.2015

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 02 ਅਕਤੂਰ ਸਨ 2015 ਈ. ਨੂੰ ਮਸਜਿਦ ਬੈਅਤੁਲ ਫ਼ੁਤੂਹ ਲੰਦਨ ਵਿੱਚ ਦਿੱਤਾ ।

ਈਮਾਨ ਇਕ ਬੂਟਾ ਹੈ ਅਤੇ ਇਸ ਦੀ ਸਿੰਚਾਈ ਅਮਲਾਂ (ਕਰਮਾ) ਨਾਲ ਹੁੰਦੀ ਹੈ ਇਸ ਲਈ ਈਮਾਨ ਦੀ ਪੂਰਨਤਾਂ ਲਈ ਕਰਮ ਅਤਿ ਲੋੜੀਂਦੇ ਹਨ । ਜੇਕਰ ਈਮਾਨ ਦੇ ਨਾਲ ਕਰਮ ਨਹੀਂ ਹੋਣਗੇ ਤਾਂ ਬੂਟੇ ਸੁੱਕ ਜਾਣਗੇ ਅਤੇ ਨਸ਼ਟ ਭਰਸ਼ਟ ਹੋ ਜਾਣਗੇ । ਮੋਮਿਨ ਦਾ ਕੰਮ ਹੈ ਕਿ ਕਰਮਾ ਦੇ ਨਾਲ ਨਾਲ ਤੌਬਾ (ਖਿਮਾ ਜਾਚਨਾ) ਵੱਲ ਵੀ ਪੂਰਾ ਧਿਆਨ ਦੇਵੇ । ਅਰਥਾਤ ਹਰ ਔਖ ਤੇ ਪ੍ਰੀਖਿਆ ਸਮੇਂ ਰੱਬ ਦੀ ਹਜ਼ੂਰੀ ਵਿੱਚ ਆਪਣੀਆਂ ਊਣਤਾਈਆਂ ਤੇ ਕਮਜ਼ੋਰੀਆਂ ਦਾ ਮਨਨ ਕਰਦਿਆਂ ਹੋਇਆਂ ਫਿਰ ਆਪਣੇ ਨੇਕ ਕਰਮਾ ਰਾਹੀਂ ਆਪਣੇ ਸੁਧਾਰ ਕਾਰਜ ਨੂੰ ਜਾਰੀ ਰੱਖੇ । ਸਬਰ ਸੰਤੋਖ, ਦੁਆ ਅਤੇ ਆਪਣੇ ਕਰਮਾ ਨਾਲ ਰੱਬ ਦੀਆਂ ਮਿਹਰਾਂ ਨੂੰ ਗ੍ਰਹਿਣ ਕਰਨ ਕਰਨ ਵਾਲੇ ਬਣੋ ਅਤੇ ਜੱਦ ਔਕੁੜਾਂ ਵਿੱਚੋਂ ਲੰਘੋਂ ਜਾਂ ਮੁਸੀਬਤਾਂ ਆਉਣ ਤਾਂ ਕੇਵਲ "ਇਨਾ ਲਿਲੱਾਹਿ ਵ ਇਨਾ ਇਲੈਹਿ ਰਾਜਿਊਨ" ( قَالُوۡۤا اِنَّا لِلّٰہِ وَاِنَّاۤ اِلَیۡہِ رٰجِعُوۡنَ ) ਕਹਿਣ ਵਾਲਿਆਂ ਵਿੱਚ ਸ਼ਾਮਲ ਹੋ ਜਾਓ ।

ਤਸ਼ਹੁੱਦ, ਤਅਵੁੱਜ਼, ਤਸਮੀਆ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਫ਼ਰਮਾਇਆ :

( وَلَنَبۡلُوَنَّکُمۡ بِشَیۡءٍ مِّنَ الۡخَوۡفِ وَالۡجُوۡعِ وَنَقۡصٍ مِّنَ الۡاَمۡوَالِ وَالۡاَنۡفُسِ وَالثَّمَرٰتِ ؕ وَبَشِّرِ الصّٰبِرِیۡنَ ﴿۱۵۶﴾ الَّذِیۡنَ اِذَاۤ اَصَابَتۡہُمۡ مُّصِیۡبَۃٌ ۙ قَالُوۡۤا اِنَّا لِلّٰہِ وَاِنَّاۤ اِلَیۡہِ رٰجِعُوۡنَ ﴿۱۵۷﴾ )

ਵਾਲਾ ਨਬਲੁ ਵਨੱਾਕੁਮ ਬਿਸ਼ੈਇੰਮ ਮਿਨਲ ਖ਼ੌਫ਼ਿ ਵਲ ਜੂਇ ਵ ਨਫ਼ਸਿੰਮ ਮਿਨਲ ਅੰਮਵਾਲਿ ਵਲ ਅਨਫ਼ੁਸਿ ਵਸੱਮਾਰਾਤਿ, ਵਬੱਸ਼ਿਰਿਸ ਸਾਬਿਰੀਨ । ਅਲੱਜ਼ੀਨਾ ਇਜ਼ਾ ਅਸਾਬਤਹੁਮ ਮੁਸੀਬਾਤੁਨ, ਕਾਲੂ ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ।

ਇਹਨਾ ਆਇਤਾਂ ਦੇ ਅਰਥ ਇਹ ਹਨ ਕਿ ਅਸੀਂ ਨਿਸ਼ਚੇ ਹੀ ਤੁਹਾਨੂੰ ਕੁਝ ਖ਼ੌਫ਼ ਤੇ ਕੁਝ ਭੁੱਖ, ਕੁਝ ਧੰਨ ਮਾਲ, ਕੁਝ ਸ਼ਰੀਰਕ ਤੇ ਕੁਝ ਫਲਾਂ ਦੇ ਹਾਨ ਰਾਹੀਂ ਤੁਹਾਡੀ ਪ੍ਰੀਖਿਆ ਕਰਾਂਗੇ ਅਤੇ ਸਬਰ ਸੰਤੋਖ ਕਰਨ ਵਾਲਿਆਂ ਨੂੰ ਖ਼ੁਸ਼ਖ਼ਬਰੀ ਦੇ ਦੇ । ਉਹਨਾਂ ਲੋਕਾਂ ਨੂੰ ਜਿੰਨਾ'ਤੇ ਜੱਦ ਕੋਈ ਔਕੁੜ ਆਉਂਦੀ ਹੈ ਤਾਂ ਉਹ ਕਹਿੰਦੇ ਹਨ ਅਸੀਂ ਨਿਸ਼ਚੇ ਹੀ ਰੱਬ ਦੇ ਹਾਂ ਅਤੇ ਅਸੀਂ ਨਿਸ਼ਚੇ ਹੀ ਉਸੇ ਵੱਲ ਪਰਤਨ ਵਾਲੇ ਹਨ ।

ਇਹਨਾ ਆਇਤਾਂ ਵਿੱਚ ਮੋਮਿਨਾਂ ਦੀਆਂ ਵਿਸ਼ੇਸ਼ਤਾਈਆਂ ਦਾ ਵਰਨਣ ਕੀਤਾ ਗਿਆ ਹੈ ਜੋ ਉਹ ਔਕੁੜਾਂ ਤੇ ਮੁਸੀਬਤਾਂ ਸਮੇਂ ਜਾਂ ਕਿਸੇ ਵੀ ਪ੍ਰਕਾਰ ਦੇ ਹਾਨ ਸਮੇਂ ਦਿਖਾਉਂਦੇ ਹਨ । ਅਲੱਾਹ ਫ਼ਰਮਾਉਂਦਾ ਹੈ ਕਿ ਇਕ ਹਕੀਕੀ ਮੋਮਿਨ ਦਾ ਉਸੇ ਸਮੇਂ ਹੀ ਪਤਾ ਲੱਗਦਾ ਹੈ ਜੱਦ ਉਹ ਇਹਨਾਂ ਵਿਸ਼ੇਸ਼ਤਾਈਆਂ ਦਾ ਪਾਤਰ ਬਣੇ । ਮੋਮਿਨਾ ਨੂੰ ਵੀ ਕਦੇ ਨਿਜੀ ਤੋਰ'ਤੇ ਹਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ ਕਦੇ ਜਮਾਤੀ ਰੂਪ ਵਿੱਚ ਹਾਨੀ ਹੁੰਦੀ ਹੈ ਪਰ ਹਕੀਕੀ ਮੋਮਿਨ ਹਰ ਪ੍ਰਕਾਰ ਦੀ ਹਾਨੀ ਵਿੱਚ ਰੱਬ ਦੀ

ਰਜ਼ਾ ਪ੍ਰਾਪਤ ਕਰਦਿਆਂ ਹੋਇਆਂ ਸਫ਼ਲ ਹੋਕੇ ਕਿਲਦੇ ਹਨ ਅਤੇ ਨਿਕਲਣਾ ਚਾਹੀਦਾ ਹੈ । ਇਸ ਵਿਸ਼ੇ ਉਪੱਰ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਵੱਖ ਵੱਖ ਲੇਖਣੀਆਂ ਤੇ ਅਦੇਸ਼ਾਂ ਬਹੁਤ ਵਿਸਥਾਰ ਨਾਲ ਚਾਨ੍ਹਣਾ ਪਾਇਆ ਹੈ । ਵੱਖ ਵੱਖ ਪਖੱਾਂ ਤੋਂ ਇਸ ਵਿਸ਼ੇ ਨੂੰ ਵਰਨਣ ਕੀਤਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਇਹਨਾਂ ਆਇਤਾਂ ਦੀ ਵਿਆਖਿਆ ਕਰਦਿਆਂ ਹੋਇਆ ਇਕ ਥਾਂ ਫ਼ਰਮਾਉਂਦੇ ਹਨ ਕਿ ਮੁਸੀਬਤਾਂ ਨੂੰ ਬੁਰਾ ਨਹੀਂ ਮਨ੍ਹਣਾ ਚਾਹੀਦਾ ਕਿਉਂਕਿ ਮੁਸੀਬਤਾਂ ਨੂੰ ਬੁਰਾ ਸਮਝਣ ਵਾਲਾ ਮੋਮਿਨ ਨਹੀਂ ਹੁੰਦਾ । ਫ਼ਰਮਾਇਆ ਕਿ ਇਹੋ ਕਸ਼ਟ ਜੱਦ ਰਸੂਲਾਂ ਉਪੱਰ ਆਉਂਦਾ ਹੈ ਤਾਂ ਉਹਨਾਂ ਨੂੰ ਉਪਹਾਰਾਂ ਦੀ ਖ਼ੁਸ਼ਖ਼ਬਰੀ ਦਿੰਦਾ ਹੈ ਅਤੇ ਜੱਦ ਇਹੋ ਕਸ਼ਟ ਬੁਰਿਆਂ ਉਪੱਰ ਆਉਂਦਾ ਹੈ ਤਾਂ ਉਹਨਾਂ ਨੂੰ ਤਬਾਹ ਕਰ ਦਿੰਦੀ ਹੈ । ਭਾਵ ਔਕੁੜ ਸਮੇਂ 'ਕਾਲੂ ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ' (قَالُوْٓا اِنَّا لِلّٰهِ وَاِنَّآ اِلَيْهِ رٰجِعُوْنَ) ਪੜ੍ਹਨਾ ਚਾਹੀਦਾ ਹੈ ਕਿ ਕਸ਼ਟਾਂ ਸਮੇਂ ਰੱਬ ਦੀ ਰਜ਼ਾ ਮੰਗੇ । ਫ਼ਰਮਾਇਆ ਕਿ ਮੋਮਿਨ ਦੇ ਜੀਵਨ ਦੇ ਦੋ ਭਾਗ ਹਨ ਜੋ ਨੇਕ ਤੇ ਭਲੇ ਕੰਮ ਮੋਮਿਨ ਕਰਦਾ ਹੈ ਉਸ ਲਈ ਉਸਦਾ 'ਅਜਰ' (ਵਟਾਂਦਰਾ) ਨਿਰਧਾਰਤ ਹੁੰਦਾ ਹੈ ਪਰ ਸਬਰ ਸੰਤੋਖ ਇਕ ਅਜਿਹੀ ਚੀਜ਼ ਹੈ ਜਿਸ ਦਾ ਪੁੰਨ ਅਸੀਮਿਤ ਤੇ ਅਸੰਖ ਹੈ (ਭਾਵ ਨੇਕੀ ਦਾ ਵਟਾਂਦਰਾਂ ਹੈ ਪਰ ਸਬਰ ਦਾ ਬਹੁਤ ਅਧਿਕ ਪੁੰਨ ਹੈ) ਅਲੱਾਹ ਤਆਲਾ ਫ਼ਰਮਾਉਂਦਾ ਹੈ, ਇਹੋ ਲੋਕ ਸਾਬਰ ਤੇ ਸੰਤੋਖੀ ਹਨ, ਇਹੋ ਲੋਕ ਹਨ ਜਿੰਨ੍ਹਾਂ ਨੇ ਰੱਬ ਨੂੰ ਸਮਝ ਲਿਆ । ਰੱਬ ਇਹਨਾਂ ਦੇ ਜੀਵਨ ਦੇ ਦੋ ਪੱਖ ਕਰਦਾ ਹੈ, ਜੋ ਸਬਰ ਸੰਤੋਖ ਦੇ ਅਰਥ ਸਮਝ ਲੈਂਦੇ ਹਨ । ਕਦੇ ਉਹ ਮੋਮਿਨ ਦੀਆਂ ਦੁਆਵਾਂ ਪਰਵਾਨ ਕਰਦਾ ਹੈ ਜਿਵੇਂ ਕਿ ਫ਼ਰਮਾਇਆ 'ਉਦਊਨੀ ਅਸਤਾਜਿਬਲਾਕੁਮ' (اُدْعُوْنِيْٓ اَسْتَجِبْ لَكُمْ) ਅਤੇ ਕਦੇ ਉਹ ਮੋਮਿਨ ਤੋਂ ਆਪਣੀ ਗੱਲ ਮਨਵਾਉਣੀ ਚਾਹੁੰਦਾ ਹੈ, ਸੋ ਫ਼ਰਮਾਉਂਦਾ ਹੈ 'ਵਾਲਾ ਨਬਲੁਵਨੱਾਕੁਮ ਬਿਸ਼ੈਇਮਿ ਮਿਨਲ ਖ਼ੌਫ਼ਿ' (وَلَنَبْلُوَنَّكُمْ بِشَيْءٍ مِّنَ الْخَوْفِ) ਸੋ, ਇਸ ਗੱਲ ਨੂੰ ਸਮਝਣਾ ਈਮਾਨਦਾਰੀ ਹੈ ਕਿ ਇਕ ਪਾਸੇ ਜ਼ੋਰ ਨ ਪਾਵੇ ।

ਫ਼ਰਮਾਇਆ ਮੋਮਿਨ ਨੂੰ ਔਕੁੜ ਸਮੇਂ ਦੁਖੀ ਨਹੀਂ ਹੋਣਾ ਚਾਹੀਦਾ ਉਹ ਨਬੀ ਤੋਂ ਵੱਧਕੇ ਨਹੀਂ ਹੁੰਦਾ । ਅਸਲ ਗੱਲ ਇਹ ਹੈ ਕਿ ਔਕੁੜ ਸਮੇਂ ਇਕ ਪ੍ਰੇਮ ਦਾ ਸੋਮਾ ਅਰੰਭ ਹੋ ਜਾਂਦਾ ਹੈ । ਮੋਮਿਨ ਨੂੰ ਕੋਈ ਔਕੁੜ ਨਹੀਂ ਹੁੰਦੀ ਜਿਸ ਤੋਂ ਉਸਨੂੰ ਹਜ਼ਾਰਾਂ ਪ੍ਰਕਾਰ ਦੇ ਆਨੰਦ ਨਹੀਂ ਪਹੁੰਚਦੇ । ਫਿਰ ਆਪ ਨੇ ਫ਼ਰਮਾਇਆ ਕਿ ਰੱਬ ਦੇ ਪਿਆਰਿਆਂ ਨੂੰ ਪਾਪ ਕਰਕੇ ਔਕੁੜਾਂ ਨਹੀਂ ਆਉਂਦੀਆਂ, ਮੋਮਿਨ ਦੇ ਜੌਹਰ (ਤੱਤ) ਵੀ ਔਕੁੜਾਂ ਨਾਲ ਖੁਲ੍ਹਦੇ ਹਨ । ਸੋ ਦੇਖੋ ਹਜ਼ਰਤ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲੱਅਮ ਦੇ ਦੁਖਾਂ ਤੇ ਸੁੱਖਾਂ ਦੇ ਜੁੱਗ ਵਿੱਚ ਆਪ ਦੇ ਆਚਰਣ ਨੂੰ ਕਿਵੇਂ ਪ੍ਰਤੱਖ ਕੀਤਾ ਗਿਆ । ਜੇਕਰ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਅਮ ਔਕੁੜਾਂ ਨ ਆਉਂਦੀਆਂ ਤਾਂ ਹੁਣ ਅਸੀਂ ਉਹਨਾਂ ਦੇ ਆਚਰਣ ਬਾਰੇ ਕੀ ਵਰਨਣ ਕਰਦੇ । ਮੋਮਿਨ ਦੇ ਕਸ਼ਟਾਂ ਨੂੰ ਦੂਜੇ ਬੇਸ਼ਕ ਕਸ਼ਟ ਸਮਝਦੇ ਹਨ, ਪਰ ਮੋਮਿਨ ਉਹਨਾਂ ਨੂੰ ਕਸ਼ਟ ਨਹੀਂ ਵਿਚਾਰਦਾ । ਫ਼ਰਮਾਇਆ ਕਿ ਇਹ ਜ਼ਰੂਰੀ ਗੱਲ ਹੈ ਕਿ ਮਨੁੱਖ ਆਪਣੀ ਸੱਚੀ ਤੌਬਾ ਉਪੱਰ ਸਿਥਰ ਰਹੇ ਅਤੇ ਇਹ ਸਮਝੇ ਕਿ ਤੌਬਾ ਕਰਨ ਤੋਂ ਉਸ ਨੂੰ ਇਕ ਨਵਾਂ ਜੀਵਨ ਮਿਲਦਾ ਹੈ ਅਤੇ ਜੇਕਰ ਤੌਬਾ ਦੇ ਫਲ ਚਾਹੀਦੇ ਹਨ ਤਾਂ ਕਰਮ ਨਾਲ ਪੂਰਨ ਕਰੋ । ਈਮਾਨ ਇਕ ਬੂਟਾ ਹੈ ਅਤੇ ਇਸ ਦੀ ਸਿੰਚਾਈ ਕਰਮਾ ਨਾਲ ਹੁੰਦੀ ਹੈ ਇਸ ਲਈ ਇਮਾਨ ਦੀ ਪੂਰਨਤਾ ਲਈ ਕਰਮ ਅਤਿ ਲੋੜੀਂਦੇ ਹਨ । ਜੇਕਰ ਈਮਾਨ (ਆਸਥਾ) ਨਾਲ ਕਰਮ ਨਹੀਂ ਹੋਣਗੇ ਤਾਂ ਬੂਟੇ ਸੁੱਕ ਜਾਣਗੇ ਅਤੇ ਨਸ਼ਟ ਭਰਸ਼ਟ ਹੋ ਜਾਣਗੇ ।

ਫਿਰ ਫ਼ਰਮਾਉਂਦੇ ਹਨ, ਤੁਸੀਂ ਮੋਮਿਨ ਹੋਣ ਦੀ ਅਵਸਥਾ ਵਿੱਚ ਔਕੁੜਾਂ ਨੂੰ ਬੁਰਾ ਨ ਜਾਣੋ ਅਤੇ ਬੁਰਾ ਉਹੋ ਜਾਣੇਗਾ ਜੋ ਕਾਮਲ ਮੋਮਿਨ ਨਹੀਂ ਹੈ । ਕੁਰਆਨ ਸ਼ਰੀਫ਼ ਫ਼ਰਮਾਉਂਦਾ ਹੈ ਕਿ ਅਸੀਂ ਕਦੇ ਤੁਹਾਨੂੰ ਧੰਨ ਮਾਲ ਰਾਹੀਂ ਜਾਂ ਸ਼ਰੀਰ ਜਾਂ ਸੰਤਾਨ ਜਾਂ ਖੇਤੀਆਂ ਦੀ ਹਾਨੀ ਆਦਿ ਰਾਹੀਂ ਪ੍ਰੀਖਿਆ ਕਰਾਂਗੇ ਪਰ ਜੋ ਅਜਿਹੇ ਸਮੇਂ ਵਿੱਚ ਸਬਰ ਸੰਤੋਖ ਕਰਦੇ ਤੇ ਸ਼ੁਕਰ ਕਰਦੇ ਹਨ ਤਾਂ ਉਹਨਾਂ ਲੋਕਾਂ ਨੂੰ ਖ਼ੁਸ਼ਖ਼ਬਰੀ ਦਿਓ ਕਿ ਉਹਨਾਂ ਵਾਸਤੇ ਰੱਬ ਦੀ ਰਹਿਮਤ ਦੇ ਬੂਹੇ ਖੁੱਲੇ ਕਰ ਦਿੱਤੇ ਗਏ ਗਏ ਹਨ ਅਤੇ ਉਹਨਾਂ'ਤੇ ਰੱਬ ਦੀਆਂ ਬਰਕਤਾਂ ਹੋਣਗੀਆਂ ਜੋ ਅਜਿਹੇ ਸਮੇਂ ਵਿੱਚ ਕਹਿੰਦੇ ਹਨ, ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਅਰਥਾਤ ਅਸੀਂ ਅਤੇ ਸਾਡੇ ਲਈ ਸਾਰੀਆਂ ਚੀਜਾਂ ਰੱਬ ਵੱਲੋਂ ਹੀ ਹਨ ਅਤੇ ਅਖੀਰ ਉਹਨਾਂ ਨੂੰ ਰੱਬ ਵੱਲ ਹੀ ਪਰਤਨਾ ਹੈ । ਕਿਸੇ ਪ੍ਰਕਾਰ ਦੀ ਹਾਨੀ ਦਾ ਦੁੱਖ ਉਹਨਾਂ ਦੇ ਦਿਲ ਨੂੰ ਨਹੀਂ ਖਾਂਦਾ ਅਤੇ ਉਹ ਲੋਕ ਰੱਬ ਦੀ ਰਜ਼ਾ ਦੇ ਸਥਾਨ ਵਿੱਚ ਵੱਸੋਂ ਰੱਖਦੇ ਹਨ । ਅਜਿਹੇ

ਲੋਕ ਸਬਰ ਸੰਤੋਖੀ ਹੁੰਦੇ ਹਨ ਅਤੇ ਸੰਤੋਖੀਆਂ ਲਈ ਰੱਬ ਨੇ ਅਸੰਖ ਵਟਾਂਦਰੇ ਰੱਖੇ ਹੋਏ ਹਨ । ਫਿਰ ਆਪ ਫ਼ਰਮਾਉਂਦੇ ਹਨ, ਕਈ ਲੋਕ ਰੱਬ ਉਪੱਰ ਆਰੋਪ ਲਾਉਂਦੇ ਹਨ ਕਿ ਉਹ ਸਾਡੀਆਂ ਦੁਆਵਾਂ ਨਹੀਂ ਕੁਬੂਲ ਕਰਦਾ ਜਾਂ ਔਲੀਆ ਉਪੱਰ ਮਿਹਣੇ ਕਸਦੇ ਹਨ ਕਿ ਫਲਾਣੀ ਦੁਆ ਕੁਬੂਲ ਨਹੀਂ ਹੋਈ । ਫ਼ਰਮਾਇਆ ਕਿ ਅਸਲ ਵਿੱਚ ਉਹ ਨਾਦਾਨ ਇਸ ਇਲਾਹੀ ਕਾਨੂਨ ਤੋਂ ਅਣਜਾਂਣ ਹੁੰਦੇ ਹਨ । ਜਿਸ ਮਨੁੱਖ ਨੂੰ ਰੱਬ ਨਾਲ ਅਜਿਹਾ ਵਾਸਤਾ ਪਿਆ ਹੋਵੇਗਾ ਉਹ ਚੰਗੀ ਪ੍ਰਕਾਰ ਇਸ ਨੀਯਮ ਤੋਂ ਜਾਣੂ ਹੋਵੇਗਾ । ਰੱਬ ਨੇ ਮੰਨ੍ਹ ਲੈਣ ਦੇ ਅਤੇ ਮਨਵਾਉਣ ਦੀਆਂ ਦੋ ਉਧਾਰਣਾ ਪੇਸ਼ ਕੀਤੀਆਂ ਹਨ, ਓਹਨਾਂ ਨੂੰ ਹੀ ਮੰਨ੍ਹ ਲੈਣਾ ਈਮਾਨ ਹੈ । ਤੁਸੀਂ ਅਜਿਹੇ ਨ ਬਣੋ ਕਿ ਇਕ ਪੱਖ ਉਪੱਰ ਹੀ ਜ਼ੋਰ ਦਿਓ । ਅਜਿਹਾ ਨ ਹੋਵੇ ਕਿ ਤੁਸੀਂ ਰੱਬ ਦੀ ਵਿਰੋਧਤਾ ਕਰਕੇ ਉਸ ਦੇ ਨਿਰਧਾਰਤ ਨੀਯਮ ਦੀ ਉਲੰਘਣਾ ਕਰਨ ਦਾ ਜਤਨ ਕਰਨ ਵਾਲੇ ਬਣੋ । ਆਪ ਨੇ ਫ਼ਰਮਾਇਆ ਕਿ ਮਨੁੱਖ ਲਈ ਤਰੱਕੀ ਕਰਨ ਦੇ ਦੋ ਹੀ ਤਰੀਕੇ ਹਨ । ਪਹਿਲਾਂ ਤਾਂ ਮਨੁੱਖ ਸ਼ਰੀਅਤ ਦੇ ਆਦੇਸ਼ ਅਰਥਾਤ ਨਮਾਜ਼, ਰੋਜ਼ਾ, ਜ਼ਕਾਤ ਅਤੇ ਹੱਜ ਆਦਿ ਦੇ ਕਸ਼ਟਾਂ ਨੂੰ ਪਬੰਦੀ ਨਾਲ ਜੋ ਕਿ ਰੱਬੀ ਆਦੇਸ਼ ਮੁਜਬ ਹੈ ਆਪ ਬਜਾ ਲਿਆਉਂਦਾ ਰਹੇ ਪਰ ਇਹ ਕਾਰਜ ਮਨੁੱਖ ਦੇ ਆਪਣੇ ਹੱਥ ਵਿੱਚ ਹੁੰਦੇ ਹਨ, ਇਸ ਲਈ ਇਸ ਵਿੱਚ ਕਦੇ ਸੁਸਤੀ ਤੇ ਕਦੇ ਦੇਰੀ ਵੀ ਕਰ ਬਹਿੰਦਾ ਹੈ ਅਤੇ ਕਦੇ ਇਸ ਵਿੱਚ ਕੋਈ ਸੌਖ ਤੇ ਅਸਾਨੀ ਦੀ ਹਾਲਤ ਵੀ ਪੈਦਾ ਕਰ ਲੈਂਦਾ ਹੈ, ਇਸੇ ਲਈ ਰੱਬ ਨੇ ਮਨੁੱਖੀ ਪੂਰਨਤਾ ਲਈ ਇਕ ਦੂਜਾ ਮਾਰਗ ਵੀ ਰੱਖ ਦਿੱਤਾ ਅਤੇ ਫ਼ਰਮਾਇਆ ਕਿ ਅਸੀਂ ਤੁਹਾਨੂੰ ਅਜ਼ਮਾਓਦੇ ਰਹਾਂਗੇ, ਕਦੇ ਕੁਝ ਖ਼ੌਫ਼ ਭੇਜ ਕੇ, ਕਦੇ ਫ਼ਾਕਿਆਂ ਰਾਹੀਂ, ਕਦੇ ਧੰਨ ਮਾਲ, ਜਾਨ ਅਤੇ ਫ਼ਲਾਂ ਦੀ ਹਾਨੀ ਕਰਕੇ, ਪਰ ਇਹਨਾਂ ਔਕੁੜਾਂ, ਕਸ਼ਟਾਂ ਅਤੇ ਚਿੰਤਾਵਾਂ ਤੇ ਚੇਤਨਾਵਾਂ ਉਪੱਰ ਸੰਤੋਖ ਕਰਕੇ 'ਇਨੑਾ ਲਿਲੱਾਹਿ ਵ ਇਨੑਾ ਇਲੈਹਿ ਰਾਜਿਊਨ' ਕਹਿਣ ਵਾਲਿਆਂ ਨੂੰ ਖ਼ੁਸ਼ਖ਼ਬਰੀ ਦੇ ਦਿਓ ਕਿ ਉਹਨਾਂ ਵਾਸਤੇ ਰੱਬ ਦੀਆਂ ਵੱਡੀਆਂ ਵੱਡੀਆਂ ਰਹਿਮਤਾਂ ਅਤੇ ਉਸ ਦੇ ਵਿਸ਼ੇਸ਼ ਉਪਹਾਰ ਨਿਰਧਾਰਤ ਹਨ । ਸੋ, ਇਸ ਗੱਲ ਨੂੰ ਹਮੇਸ਼ਾ ਆਪਣੇ ਸੰਮੁਖ ਰੱਖਣਾ ਚਾਹੀਦਾ ਹੈ ਕਿ ਕਦੀ ਵੀ ਸਾਡੇ ਮਨ ਵਿੱਚ ਇਹ ਵਿਚਾਰ ਨ ਆਏ ਕਿ ਰੱਬ ਕਿਉਂ ਵੱਡੀਆਂ ਵੱਡੀਆਂ ਹਾਨੀਆਂ ਅਤੇ ਔਕੁੜਾਂ ਵਿੱਚੋਂ ਸਾਨੂੰ ਲੰਘਾਉਂਦਾ ਹੈ ਅਤੇ ਨ ਹੀ ਕਿਸੇ ਵਿਰੋਧੀ ਦੇ ਹਾਸਾ ਠੱਠਾ ਕਰਨ ਜਾਂ ਇਹ ਆਖਣ'ਤੇ ਕਿ ਜੇਕਰ ਰੱਬ ਤੁਹਾਡੇ ਨਾਲ ਹੈ ਤਾਂ ਫਿਰ ਤੁਹਾਡਾ ਨੁਕਸਾਨ ਕਿਉਂ ਹੁੰਦਾ ਹੈ ਅਸੀਂ ਦੁਖੀ ਨ ਹੋਈਏ ।

ਇਹਨਾਂ ਕਥਨਾ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਨੇ ਸਾਡੇ ਸਾਹਮਣੇ ਜੋ ਗੱਲਾਂ ਵਰਨਣ ਕੀਤੀਆਂ ਹਨ, ਇਹਨਾਂ ਦੇ ਕੁਝ ਮਹਤੱਵਪੂਰਨ ਨੁਕਤੇ ਮੈਂ ਫਿਰ ਆਪ ਦੇ ਸਾਹਮਣੇ ਰੱਖਦਾ ਹਾਂ, ਆਪ ਨੇ ਫ਼ਰਮਾਇਆ ਕਿ ਹਮੇਸ਼ਾ ਚੇਤੇ ਰੱਖੋ ਕਿ ਜੱਦ ਔਕੁੜਾਂ ਤੇ ਕਸ਼ਟ ਰਸੂਲਾਂ ਉਪੱਰ ਜਾਂ ਰੱਬ ਦੇ ਪਿਆਰਿਆਂ ਉਪੱਰ ਆਉਂਦੇ ਹਨ ਅਤੇ ਉਸ ਪੱਖੋਂ ਨਬੀਆਂ ਦੀਆਂ ਜਮਾਤਾਂ ਉਪੱਰ ਵੀ ਆਉਂਦੇ ਹਨ ਜੋ ਉਹਨਾਂ ਦੀ ਸਹੀ ਸਿੱਖਿਆ ਉਪੱਰ ਚਲੱਣ ਵਾਲੇ ਹੋਣ । ਰੱਬ ਉਹਨਾਂ ਨੂੰ ਕਿਸੇ ਔਖੀ ਮੁਸੀਬਤ ਵਿੱਚ ਪਾਉਣ ਲਈ ਜਾਂ ਦੰਡ ਦੇਣ ਲਈ ਕਸ਼ਟਾਂ ਵਿੱਚੋਂ ਨਹੀਂ ਲੰਘਾਉਂਦਾ ਸਗੋਂ ਉਹਨਾਂ ਨੂੰ ਉਪਹਾਰਂ ਦੀ ਖ਼ੁਸ਼ਖ਼ਬਰੀ ਦੇਣ ਲਈ ਦਿੰਦਾ ਹੈ ਅਤੇ ਜੱਦ ਇਸ ਪ੍ਰਕਾਰ ਦਾ ਕਸ਼ਟ ਰੱਬ ਦੇ ਰਸੂਲਾਂ ਅਤੇ ਉਹਨਾਂ ਦੀਆਂ ਜਮਾਤਾਂ ਦੇ ਵਿਰੋਧੀਆਂ ਉਪੱਰ ਆਉਂਦੀਆਂ ਹਨ ਅਤੇ ਬੁਰਿਆਂ ਉਪੱਰ ਆਉਂਦੀਆਂ ਹਨ ਤਾਂ ਉਹ ਉਹਨਾਂ ਲਈ ਤਬਾਹੀ ਬਣਕੇ ਆਉਂਦੀਆਂ ਹਨ ਅਤੇ ਉਹਨਾਂ ਨੂੰ ਤਬਾਹ ਕਰ ਦਿੰਦੀਆਂ ਹਨ । ਫਿਰ ਆਪ ਨੇ ਫ਼ਰਮਾਇਆ ਕਿ ਮੁਸ਼ਕਲਾਂ ਵਿੱਚ ਸਬਰ ਕਰਨ ਵਾਲੇ ਰੱਬ ਦੇ ਅਸੀਮਿਤ ਤੇ ਅਸੰਖ ਪੁੰਨ ਦੇ ਵਾਰਸ ਬਣਦੇ ਹਨ ।

ਸੋ, ਇਕ ਮੋਮਿਨ ਨੂੰ ਸਬਰ ਸੰਤੋਖ ਦੇ ਅਰਥ ਸਮਝਣ ਦੀ ਲੋੜ ਹੈ, ਸਬਰ ਇਹ ਨਹੀਂ ਕਿ ਮਨੁੱਖ ਕਿਸੇ ਨੁਕਸਾਨ ਉਪੱਰ ਦੁਖ ਨ ਕਰੇ ਸਗੋਂ ਅਰਥ ਇਹ ਹੈ ਕਿ ਕਿਸੇ ਨੁਕਸਾਨ ਜਾਂ ਕਿਸੇ ਕਸ਼ਟ ਨੂੰ ਆਪਣੇ ਉਪੱਰ ਐਨ੍ਹਾਂ ਲਾ ਲਏ ਕਿ ਆਪਣੇ ਹੋਸ਼ ਹਵਾਸ ਹੀ ਗਵਾ ਬੈਠੇ ਅਤੇ ਨਿਰਾਸ਼ ਹੋਕੇ ਬਹਿ ਰਹੇ ਅਤੇ ਆਪਣੀਆਂ ਕਰਮ ਰੂਪੀ ਸ਼ਕਤੀਆਂ ਨੂੰ ਵਰਤੋਂ ਵਿੱਚ ਹੀ ਨ ਲਿਆਵੇ । ਸੋ, ਇਕ ਸੀਮਾ ਤੱਕ ਦੁੱਖ ਵੀ ਠੀਕ ਹੈ ਕਿਸੇ ਨੁਕਸਾਨ'ਤੇ ਕਰਨਾ ਚਾਹੀਦਾ ਹੈ ਅਤੇ ਇਸ ਦੇ ਨਾਲ ਹੀ ਇਕ ਨਵੇਂ ਨਿਸ਼ਚੇ ਨਾਲ ਅਗਲੀਆਂ ਮੰਜ਼ਲਾਂ ਲਈ ਪੈਰ੍ਹ ਮਾਰਨ ਲਈ ਪਹਿਲਾਂ ਤੋਂ ਵੱਧ ਜਤਨ ਕਰਨ ਦਾ ਨਿਸ਼ਚਾ ਕਰਕੇ ਅਤੇ ਕਰਮ ਰੂਪੀ ਜਤਨ ਦੀ ਲੋੜ ਹੈ । ਫਿਰ ਇਹ ਵੀ ਚੇਤੇ ਰੱਖਣਾ ਚਾਹੀਦਾ ਹੈ ਕਿ ਸਬਰ ਕਰਨ ਵਾਲੇ ਨੂੰ ਹੀ ਦੁਆ ਦੀ ਵਾਸਤਵਿਕਤਾ ਮਲੂਮ ਹੁੰਦੀ ਹੈ । ਕਦੇ

ਰੱਬ ਝੱਟ ਦੁਆ ਕੁਬੂਲ ਕਰ ਲੈਂਦਾ ਹੈ ਅਤੇ ਕਦੇ ਰੱਬ ਕਿਸੇ ਸਬਬ ਦੁਆ ਕੁਬੂਲ ਨਹੀਂ ਕਰਦਾ ਪਰ ਮੋਮਿਨ ਦਾ ਕੰਮ ਹੈ ਕਿ ਹਰ ਅਵਸਥਾ ਵਿੱਚ ਰੱਬ ਦੀ ਰਜ਼ਾ ਉਪੱਰ ਰਾਜ਼ੀ ਰਹੇ ਅਤੇ ਰੱਬ ਦੇ ਕਿਸੇ ਕੰਮ'ਤੇ ਸ਼ਿਕਵਾ ਨ ਕਰੇ । ਇਹੋ ਵਾਸਤਵਿਕ ਸਬਰ ਸੰਤੋਖ ਹੈ ਅਤੇ ਜੱਦ ਅਜਿਹੇ ਸਬਰ ਸੰਤੋਖ ਦੀ ਹਾਲਤ ਹੋਵੇ ਤਾਂ ਫਿਰ ਰੱਬ ਆਪਣੇ ਬੰਦਿਆਂ ਨੂੰ ਬਹੁਤ ਨਿਵਾਜਦਾ ਹੈ ਉਪਹਾਰ ਦਿੰਦਾ ਹੈ । ਆਪ ਨੇ ਫ਼ਰਮਾਇਆ ਕਿ ਰੱਬ ਦੇ ਹਕੀਕੀ ਬੰਦੇ ਔਖੇ ਵੇਲੇ ਵੀ ਆਨੰਦ ਉਠਾ ਰਹੇ ਹੁੰਦੇ ਹਨ ਕਿਉਂਕਿ ਉਹਨਾਂ ਨੂੰ ਦਿਖਾਈ ਦੇ ਰਿਹਾ ਹੁੰਦਾ ਹੈ ਕਿ ਇਹਨਾਂ ਔਖਿਆਈਆਂ ਪਿੱਛੇ ਵੀ ਰੱਬ ਦੇ ਬੇਸ਼ੁਮਾਰ ਉਪਹਾਰ ਅਤੇ ਮਿਹਰਾਂ ਰਲੀਆਂ ਆ ਰਹੀਆਂ ਹਨ । ਸੋ, ਆਪ ਨੇ ਫ਼ਰਮਾਇਆ ਕਿ ਮੋਮਿਨ ਨੂੰ ਔਕੁੜਾਂ ਤੇ ਕਸ਼ਟ ਉਹਨਾਂ ਦੇ ਪਾਪਾਂ ਕਰਕੇ ਨਹੀਂ ਆਉਂਦੇ ਸਗੋਂ ਰੱਬ ਵੱਲੋਂ ਇਕ ਪ੍ਰੀਖਿਆ ਰੂਪ ਹੁੰਦਾ ਹੈ ਕਿ ਦੁਨੀਆ ਨੂੰ ਵੀ ਪਤਾ ਲੱਗੇ ਕਿ ਰੱਬ ਦੇ ਬੰਦੇ ਹਰ ਅਵਸਥਾ ਵਿੱਚ ਰੱਬ ਦੀ ਰਜ਼ਾ ਵਿੱਚ ਰਾਜ਼ੀ ਰਹਿਣ ਵਾਲੇ ਹੁੰਦੇ ਹਨ । ਆਪ ਨੇ ਫ਼ਰਮਾਇਆ ਕਿ ਦੁਨੀਆ ਵਿੱਚ ਰੱਬ ਨੂੰ ਸਭ ਤੋਂ ਵੱਧ ਪਿਆਰਾ ਵੁਜੂਦ ਜੋ ਹੈ ਉਹ ਹਜ਼ਰਤ ਮੁਹੱਮਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਅਮ ਦਾ ਵੁਜੂਦ ਸੀ ਪਰ ਆਪ ਨੂੰ ਵੀ ਅਨੇਕਾਂ ਦੁੱਖ ਪਹੁੰਚੇ ਸਗੋਂ ਨਿਜੀ ਕਸ਼ਟ ਵੀ ਪਹੁੰਚੇ ਅਤੇ ਜਮਾਤੀ ਕਸ਼ਟ ਵੀ ਪਹੁੰਚੇ ਅਤੇ ਇਹ ਦੁੱਖ ਜਿੰਨ੍ਹੇ ਹਜ਼ਰਤ ਮੁਹੱਮਦ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਅਮ ਨੂੰ ਪਹੁੰਚੇ ਹਨ ਉਨ੍ਹੇ ਕਿਸੇ ਹੋਰ ਨੂੰ ਨਹੀਂ ਪਹੁੰਚੇ, ਪਰ ਹਰ ਪ੍ਰਕਾਰ ਦੇ ਕਸ਼ਟਾਂ ਵਿੱਚ ਆਪ ਨੇ ਸਬਰ ਤੇ ਰਜ਼ਾ ਵਿੱਚ ਰਹਿਣ ਦਾ ਨਮੂਨਾ ਦੁਨੀਆ ਸਾਹਮਣੇ ਪੇਸ਼ ਕੀਤਾ ਜੋ ਦੁਨੀਆ ਵਿੱਚ ਸਾਨੂੰ ਕਿਤੇ ਹੋਰ ਦਿਖਾਈ ਨਹੀ ਦਿੰਦਾ । ਇਹੋ ਉਹ ਉਚੱਤਮ ਆਚਰਣ ਹੈ ਜੋ ਸਾਰਿਆਂ ਮੁਸਲਮਾਨਾ ਲਈ ਪੱਦਚਿੰਨ੍ਹ ਸੁਰੂਪ ਹੈ ।

ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਸਾਨੂੰ ਵੀ ਸੱਚੀ ਤੌਬਾ ਵੱਲ ਧਿਆਨ ਦੁਆਉਦਿਆਂ ਹੋਇਆਂ ਫ਼ਰਮਾਉਂਦੇ ਹਨ ਕਿ ਇਹ ਵੀ ਤੁਹਾਡੀਆਂ ਸਫ਼ਲਤਾਵਾਂ ਅਤੇ ਪ੍ਰੀਖਿਆਵਾਂ ਵਿੱਚ ਸਫ਼ਲ ਹੋਕੇ ਨਿਕਲਣ ਲਈ ਅਤਿਅੰਤ ਜ਼ਰੂਰੀ ਹੈ । ਸੋ, ਮੋਮਿਨ ਦਾ ਕੰਮ ਹੈ ਕਿ ਕਰਮ ਦੇ ਨਾਲ ਨਾਲ ਤੌਬਾ (ਪਸ਼ਚਾਤਾਪ) ਵੱਲ ਵੀ ਪੂਰਾ ਧਿਆਨ ਦੇਵੇ ਅਰਥਾਤ ਹਰ ਮੁਸ਼ਕਲ ਅਤੇ ਪ੍ਰੀਖਿਆ ਸਮੇਂ ਰੱਬ ਦੀ ਹਜ਼ੂਰੀ ਵਿੱਚ ਝੁੱਕ ਕੇ ਆਪਣੀਆਂ ਕਮਜ਼ੋਰੀਆਂ ਦਾ ਮਨਨ ਕਰੇ ਅਤੇ ਫਿਰ ਨੇਕ ਕਰਮਾ ਨਾਲ ਆਪਣੇ ਸੁਧਾਰ ਦਾ ਜਤਨ ਜਾਰੀ ਰੱਖੇ । ਆਪ ਫ਼ਰਮਾਉਂਦੇ ਹਨ ਕਿ ਜਿਵੇਂ ਇਕ ਮਾਲੀ ਪੌਦਾ ਲਾ ਕੇ ਫਿਰ ਉਸ ਨੂੰ ਪਾਣੀ ਦਿੰਦਾ ਹੈ ਉਸ ਨੂੰ ਪਾਲਦਾ ਹੈ ਸਿੰਚਾਈ ਕਰਦਾ ਹੈ ਉਸੇ ਪ੍ਰਕਾਰ ਮੋਮਿਨਾ ਨੂੰ ਵੀ ਚਾਹੀਦਾ ਹੈ ਕਿ ਈਮਾਨ ਦੇ ਪੌਦੇ ਨੂੰ ਨੇਕ ਕਰਮਾ ਦਾ ਪਾਣੀ ਲਾਉਂਦਾ ਰਹੇ । ਜੇਕਰ ਇਹ ਕਰੋਗੇ ਤਾਂ ਇਹੋ ਹੀ ਇਕ ਮੋਮਿਨ ਦੀ ਸਫ਼ਲਤਾ ਦਾ ਸਾਧਨ ਬਣ ਜਾਂਦਾ ਹੈ । ਆਪ ਨੇ ਫ਼ਰਮਾਇਆ ਕਿ ਲੋਕਾਂ ਦੀਆਂ ਗੱਲਾਂ ਤੋਂ ਚਿੰਤਤ ਹੋਣ ਦੀ ਕੋਈ ਲੋੜ ਨਹੀਂ । ਲੋਕ ਤਾਂ ਔਲੀਆਉਲੱਾਹ ਉਪੱਰ ਵੀ ਇਤਰਾਜ਼ ਕਰਦੇ ਆਏ ਹਨ ਕਿ ਫ਼ਲਾਣੀ ਦੁਆ ਕੁਬੂਲ ਨਹੀਂ ਹੋਈ ਫ਼ਲਾਣੀ ਦੁਆ ਕੁਬੂਲ ਨਹੀਂ ਹੋਈ । ਆਪ ਨੇ ਫ਼ਰਮਾਇਆ ਕਿ ਅਜਿਹੇ ਇਤਰਾਜ਼ ਕਰਨ ਵਾਲੇ ਵਾਸਤਵ ਵਿੱਚ ਇਲਾਹੀ ਨੀਯਮ ਤੋਂ ਹੀ ਅਣਜਾਣ ਹਨ । ਇਕ ਮੋਮਿਨ ਤਾਂ ਜਾਣਦਾ ਹੈ ਕਿ ਰੱਬ ਕਦੇ ਤਾਂ ਮੰਨ੍ਹ ਲੈਂਦਾ ਹੈ ਅਤੇ ਕਦੇ ਮਨਵਾਉਂਦਾ ਹੈ ਇਹੋ ਉਸ ਦਾ ਕਾਨੂਨ ਹੈ । ਆਪ ਨੇ ਸਾਨੂੰ ਨਸੀਹਤ ਕੀਤੀ ਕਿ ਤੁਸੀਂ ਅਜਿਹੇ ਨ ਬਣੋ । ਜੋ ਇਸ ਨੀਯਮ ਨੂੰ ਤੋੜਨ ਵਾਲੇ ਹੁੰਦੇ ਹਨ । ਆਪ ਨੇ ਫ਼ਰਮਮਾਇਆ ਕਿ ਮੋਮਿਨ ਲਈ ਮੁਸੀਬਤਾਂ ਤੇ ਮੁਸਕਲਾਂ ਸਦਾ ਨਹੀਂ ਰਹਿੰਦੀਆਂ, ਆਦੀਆਂ ਜਾਂਦੀਆਂ ਰਹਿੰਦੀਆਂ ਹਨ । ਸੋ, ਸਬਰ ਸੰਤੋਖ ਅਤੇ ਦੁਆ ਅਤੇ ਆਪਣੇ ਅਮਲਾਂ ਨਾਲ ਰੱਬ ਦੀਆਂ ਮਿਹਰਾਂ ਨੂੰ ਸੋਖਣ ਵਾਲੇ ਬਣੋ ਅਤੇ ਜੱਦ ਵੀ ਔਖਿਆਈਆਂ ਵਿੱਚੋਂ ਲੰਘੋ, ਜੱਦ ਵੀ ਔਕੁੜਾਂ ਆਉਣ ਤਾਂ 'ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ' ਕਹਿਣ ਵਾਲਿਆਂ ਵਿੱਚ ਸ਼ਾਮਲ ਹੋ ਜਾਓ।

ਬੀਤੇ ਦਿਨੀ ਏਥੇ ਮਸਜਿਦ ਬੈਤੁਲ ਫ਼ੁਤੁਡ ਨਾਲ ਲੱਗਦੇ ਦੋ ਹਾਲ ਵਿੱਚ ਅੱਗ ਲਗੱਣ ਦੇ ਸਬਬ ਬਹੁਤ ਵੱਡੀ ਹਾਨੀ ਹੋਈ, ਬਹੁਤ ਖ਼ੌਫ਼ ਭਰੀ ਅੱਗ ਸੀ । ਇਸ'ਤੇ ਜੱਦ ਵੱਖ ਵੱਖ ਟੀਵੀ ਚੈਲਨਾਂ ਅਤੇ ਹੋਰਨਾ ਮੀਡੀਆਂ ਵਾਲਿਆਂ ਨੇ ਖ਼ਬਰ ਦਿੱਤੀ ਤਾਂ ਕਈ ਕੀਨਾ ਤੇ ਸਾੜਾ ਰਖੱਣ ਵਾਲਿਆਂ ਨੇ ਬਹੁਤ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਸਗੋਂ ਇਸ ਗੱਲ ਦਾ ਦੁੱਖ ਵੀ ਕੀਤਾ ਕਿ ਕੇਵਲ ਦੋ ਹੀ ਹਾਲ ਸੜੇ ਹਨ, ਮਸੀਤ ਕਿਉਂ ਨਹੀਂ ਸੜੀ । ਇਹ ਤਾਂ ਅੱਜ ਕੱਲ ਦੇ ਕੁਝ ਮੁਸਲਮਾਨਾਂ ਦਾ ਹਾਲ ਹੈ, ਪਰ ਸਾਰੇ ਅਜਿਹੇ ਨਹੀਂ ਹਨ । ਕਈ ਖੇਤਰਾਂ ਤੋਂ ਮੁਸਲਮਾਨਾਂ ਨੇ ਸਾਡੇ ਨਾਲ ਹਮਦਰਦੀ ਦਾ ਵੀ ਪ੍ਰਗਟਾਵਾ ਕੀਤਾ ਹੈ । ਇਸ ਘਟਨਾ ਨੇ ਜਮਾਤ ਦਾ ਇਕ

ਰੰਗਾ ਪਰੀਰੈ ਵੀ ਦੁਨੀਆ ਵਿੱਚ ਕਰਾ ਦਿਤੱਾ । ਭਾਵੇਂ ਸਾਨੂੰ ਦੁੱਖ ਹੋਇਆ ਇਸ ਗੱਲ ਦਾ ਪਰ ਅਸੀਂ ਸਬਰ ਦਿਖਾਇਆ ਅਤੇ 'ਇਨੱਾ ਲਿਲੱਾਹ' ਵੀ ਪੜ੍ਹਿਆ । ਰੱਬ ਨੇ ਇਸ ਹਾਨੀ ਅਤੇ ਪ੍ਰੀਖਿਆ ਵਿੱਚ ਜਮਾਤ ਦੇ ਹੱਕ ਵਿੱਚ ਲੋਕਾਂ ਨੂੰ ਖੜ੍ਹਾ ਕਰਕੇ ਦੁਨੀਆ ਨੂੰ ਦਿਖਾ ਦਿੱਤਾ ਕਿ ਮੈਂ ਉਹਨਾਂ ਨਾਲ ਹਾਂ । ਅੱਗ ਦਾ ਸਬਬ ਕੀ ਸੀ ਇਹ ਤਾਂ ਪੁਲਿਸ ਨੂੰ ਹੁਣ ਤੱਕ ਪ੍ਰਤਖੱ ਨਹੀਂ ਹੋਇਆ । ਹਾਂ, ਜੋ ਵੀ ਕਾਰਨ ਹੋਇਆ ਹੋਵੇ ਇਹ ਗੱਲ ਸਾਡਾ ਜੋ ਮਸਜਿਦ ਦਾ ਸਟਾਫ਼ ਹੈ ਅਮਲਾ ਹੈ ਪ੍ਰਬੰਧਕ ਹਨ ਉਸ ਦੀ ਕਮਜ਼ੋਰੀ ਵੱਲ ਸੰਕੇਤ ਕਰਦਾ ਹੈ ਅਤੇ ਉਹਨਾਂ ਨੂੰ ਬਹੁਤ 'ਇਸਤਗ਼ਫ਼ਾਰ' ਕਰਨਾ ਚਾਹੀਦਾ ਹੈ । ਕਈ ਮੁਸਲਮਾਨਾਂ ਦਾ ਇਹ ਰਵੱਈਆ ਕਿ ਖ਼ੁਸ਼ੀ ਮਨਾ ਰਹੇ ਹਾਂ ਅਤੇ 'ਸੁਬਹਾਨਲੱਾਹ' ਪੜ੍ਹ ਰਹੇ ਹਾਂ । ਠੀਕ ਹੈ ਅੱਜ ਇਹ 'ਸੁਬਹਾਨਲੱਾਹ' ਹਾਸੇ ਦੇ ਰੂਪ ਵਿੱਚ ਪੜ੍ਹ ਰਹੇ ਹਨ ਅਤੇ ਰੱਬ ਦੀ ਗ਼ੈਰਤ ਭੜਕਾਉਣ ਲਈ ਪੜ੍ਹ ਰਹੇ ਹਨ ਤਾਂ ਪੜ੍ਹਨ, ਪਰ ਇੰਸ਼ਾਅਲੱਾਹ ਛੇਤੀ ਹੀ ਇਸ ਤੋਂ ਬਿਹਤਰ ਤੇ ਚੰਗੀ ਉਸਾਰੀ ਕਰਕੇ ਅਸੀਂ ਹਕੀਕੀ 'ਸੁਬਹਾਨਲੱਾਹ' ਪੜ੍ਹਾਂਗੇ ਅਤੇ 'ਮਾਸ਼ਾਅਲੱਾਹ' ਵੀ ਪੜ੍ਹਾਂਗੇ । ਜਿਵੇਂ ਕਿ ਮੈਂ ਕਿਹਾ ਪ੍ਰੀਖਿਆ ਜਾਣਾ ਤਾਂ ਰੱਬ ਦੀ ਸੁਨੱਤ (ਮਰਿਆਦਾ) ਹੈ । ਅਜੇ ਤਾਂ ਇਹ ਵੀ ਨਹੀਂ ਪਤਾ ਕਿ ਇਸ ਅੱਗ ਦਾ ਸਬਬ ਕੀ ਬਣਿਆ ਅਤੇ ਕਿਵੇਂ ਇਹ ਸਭ ਕੁਝ ਹੋਇਆ । ਜੇਕਰ ਇਹ ਕੋਈ ਸਾਜ਼ਸ਼ ਤੇ ਸ਼ਰਾਰਤ ਸੀ ਤਾਂ ਇਹਨਾਂ ਗੱਲਾਂ ਤੋਂ ਜਮਾਤ ਦੀ ਤਰੱਕੀ ਨਹੀਂ ਰੁੱਕ ਸਕਦੀ ਹਾਂ ਪ੍ਰਬੰਧਕਾਂ ਨੂੰ ਆਪਣੀਆਂ ਕਮਜ਼ੋਰੀਆਂ ਦੇਖਣ ਅਤੇ ਉਹਨਾਂ'ਤੇ ਗ਼ੌਰ ਕਰਨ ਲਈ ਇਸ ਘਟਨਾ ਤੋਂ ਹੁਸ਼ਿਆਰ ਕਰਨ ਵਾਲਾ ਹੋਣਾ ਚਾਹੀਦਾ ਹੈ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਦਾਵੇ ਤੋਂ ਹੀ ਆਪ ਦੇ ਵਿਰੁਧ ਸਾਜ਼ਸ਼ਾਂ ਅਤੇ ਅਗੱਾਂ ਲਾਉਣ ਦਾ ਸਿਲਸਿਲਾ ਜਾਰੀ ਹੈ, ਪਰ ਕੀ ਹੋ ਰਿਹਾ ਹੈ ਕੀ ਸਿੱਟਾ ਨਿਕਲ ਰਿਹਾ ਹੈ, ਜਮਾਤ ਦੀ ਤਰੱਕੀ ਹਰ ਥਾਂ ਦਿਖਾਈ ਦਿੰਦੀ ਹੈ । ਇਹ ਅੱਗ ਤਾਂ ਦਿਖਾਵੇ ਦੀ ਅੱਗ ਹੈ ਪਰ ਇਕ ਅੱਗ ਮਨੁੱਖ ਦੇ ਭੀਤਰ ਸਾੜੇ ਕੀਨੇ ਦੀ ਅੱਗ ਵੀ ਹੈ । ਭਾਵੇਂ ਤਾਂ ਸਾਡੀ ਮਸਜਿਦ ਨਾਲ ਲਗਦੇ ਇਕ ਭਾਗ ਨੂੰ ਅੱਗ ਲਗੀ, ਪਰ ਇਹ ਹਾਨੀ ਤਾਂ ਇੰਸ਼ਾਅਲੱਾਹ ਪੂਰੀ ਹੋ ਜਾਵੇਗੀ ਅਤੇ 'ਇੰਸ਼ਾਅਲੱਾਹ ਤਆਲਾ' ਅਸੀਂ ਰੱਬ ਦੀਆਂ ਖ਼ੁਸ਼ਖ਼ਬਰੀਆਂ ਵਿੱਚੋਂ ਹਿਸੱਾ ਲੈਣ ਵਾਲੇ ਹੋਵਾਂਗੇ ਅਤੇ ਸਬਰ ਸੰਤੋਖ ਤੇ ਦੁਆਵਾਂ ਸਾਨੂੰ ਰੱਬ ਦੀਆਂ ਠੰਡਕ ਤੇ ਠੰਡੀਆਂ ਛਾਵਾਂ ਦੀ ਗੋਦ ਵਿੱਚ ਲੈ ਲਵੇਗਾ, ਪਰ ਇਸ ਦਿਖਾਵੇ ਦੀ ਅੱਗ ਨਾਲ ਵੀ ਵਿਰੋਧੀਆਂ ਦੀਆਂ ਕੀਨੇ ਤੇ ਸਾੜੇ ਦੀਆਂ ਅੱਗਾਂ ਵੀ ਭੜਕ ਰਹੀਆਂ ਹਨ ਭਾਵ ਜੋ ਦਿਖਾਵੇ ਦੀ ਅੱਗ ਸਾਡੇ ਵਿਰੁਧ ਭੜਕਾਈ ਸੀ ਉਹ ਵੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਵਿਰੋਧੀਆਂ ਨੂੰ ਸਾੜ ਰਹੀ ਹੈ । ਐਮ ਟੀ ਏ ਦੇ ਪ੍ਰਬੰਧ ਦਾ ਵੀ ਇਕ ਹਿਸੱਾ ਏਥੇ ਹੀ ਹੈ ਸਗੋਂ ਬਹੁਤ ਵੱਡਾ ਭਾਗ ਏਥੇ ਹੀ ਹੈ । ਇਸ ਦਿਨ "ਰਾਹੇ ਹੁਦਾ" ਦਾ ਲਾਈਵ ਪ੍ਰੋਗ੍ਰਾਮ ਸੀ ਪ੍ਰੋਗਰਾਮ ਵਾਲਿਆਂ ਨੇ ਫ਼ੈਸਲਾ ਕਰ ਲਿਆ ਕਿ ਹੁਣ ਐਮ ਟੀ ਏ ਦੇ ਸਟੂਡੀਓ ਤੱਕ ਸਾਡੀ ਪਹੁੰਚ ਨਹੀਂ ਹੈ ਅਤੇ ਪਤਾ ਨਹੀਂ ਓਥੇ ਕੀ ਹਾਲਾਤ ਹਨ । ਉਸ ਵਿੱਚ ਜਾਇਆ ਵੀ ਨਹੀਂ ਜਾ ਸਕਦਾ । ਇਸ ਲਈ ਅੱਜ ਰਿਕਾਰਡਿੰਗ ਦਿਖਾ ਦਿਆਂ ਗੇ, ਲਾਈਵ ਪ੍ਰੋਗਰਾਮ ਨਹੀਂ ਕਰਾਂਗੇ । ਜੱਦ ਮੈਂਨੂੰ ਪਤਾ ਲੱਗਾ ਤਾਂ ਮੈਂ ਕਿਹਾ ਮਸਜਿਦ ਫ਼ਜ਼ਲ ਤੋਂ ਲਾਈਵ ਪ੍ਰਗ੍ਰਾਮ ਹੋਵੇਗਾ । ਇਸ ਵਿੱਚ ਰੋਕ ਦੀ ਕੋਈ ਗੱਲ ਨਹੀਂ ਅਤੇ ਅਜਿਹੇ ਫ਼ੈਸਲੇ ਓਹਨਾਂ ਨੂੰ ਆਪ ਵੀ ਕਰਨੇ ਚਾਹੀਦੇ ਹਨ ਮੈਥੋਂ ਪੁੱਛੇ ਬਿਨਾ ਹੀ । ਉਹਨਾਂ ਨੂੰ ਚਾਹੀਦਾ ਸੀ ਕਿ ਝੱਟ ਮੈਥੋਂ ਪੁਛਦੇ ਕਿ ਇਸ ਲਾਈਵ ਪ੍ਰੋਗਰਾਮ ਲਈ ਕੀ ਕੀਤਾ ਜਾਵੇ । ਜੇਕਰ ਲਾਈਵ ਪ੍ਰੋਗਰਾਮ ਨਾ ਹੁੰਦਾ ਤਾਂ ਇਹ ਅਮਹਦੀਆਂ ਨੂੰ ਵੀ ਅਤੇ ਦੁਨੀਆ ਨੂੰ ਵੀ ਇਹ ਸੰਦੇਸ਼ ਦੇ ਰਹੇ ਹੁੰਦੇ ਕਿ ਸਾਡਾ ਸਾਰਾ ਪ੍ਰਬੰਧ ਇਸ ਘਟਨਾ ਨਾਲ ਨਸ਼ਟ ਭਰਸ਼ਟ ਹੋ ਗਿਆ ਹੈ ਜੋ ਕਿ ਨਹੀਂ ਹੋਇਆ । ਸਾਡਾ ਕੰਮ ਇਹ ਨਹੀਂ ਕਿ ਹਾਨੀ ਉਪੱਰ ਨਿਰਾਸ਼ ਹੋਕੇ ਬਹਿ ਜਾਈਏ ਜਾਂ ਆਪਣੀਆਂ ਥਾਵਾਂ ਛੱਡ ਕੇ ਕੇਵਲ ਤਮਾਸ਼ਾ ਦੇਖਣ ਲਈ ਖੜੇ ਹੋ ਜਾਈਏ ਓਥੇ ਜਾਕੇ ਝੱਟ ਹਰ ਸੰਭਵ ਤਬਦੀਲੀਯੋਗ ਜਤਨ ਕਰਨਾ ਚਾਹੀਦਾ ਹੈ ਅਤੇ ਫਿਰ ਬਾਕੀ ਰੱਬ ਓਪੱਰ ਛਡੱਣਾ ਚਾਹੀਦਾ ਹੈ ।

ਬਹਿਰਹਾਲ ਇਹਨਾ ਗੱਲਾਂ ਤੋਂ ਸਾਨੂੰ ਕੋਈ ਘਬਰਾਹਟ ਨਹੀਂ ਹੋਈ ਅਤੇ ਨ ਹੋਣੀ ਚਾਹੀਦੀ ਹੈ । ਜੇਕਰ ਇਹ ਘਟਨਾ ਵੀ ਪ੍ਰੀਖਿਆ ਹੈ ਤਾਂ ਸਾਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਅਤੇ ਫਿਰ ਆਪਣੇ ਅਮਲਾਂ ਰਾਹੀਂ ਸਾਬਤ ਕਰਨਾ ਚਾਹੀਦਾ ਹੈ ਕਿ ਰੱਬ ਦੀ ਹਜ਼ੂਰੀ ਵਿੱਚ ਅਸੀਂ ਝੁਕਦਿਆਂ ਹੋਇਆਂ, ਅਸੀਂ ਦੁਆਵਾਂ ਕਰਦਿਆਂ ਹੋਇਆਂ ਇਸ ਪ੍ਰੀਖਿਆ ਵਿੱਚੋਂ ਸਫ਼ਲਤਾ ਨਾਲ ਪਾਰ ਲੰਘਾਂਗੇ । ਇਹ ਹਾਨੀ ਭਾਵੇਂ ਕਿਸੇ ਤਰ੍ਹਾਂ ਵੀ ਪਹੁੰਚੀ ਹੈ ਕਿਸੇ ਨੇ ਵੀ ਪਹੁੰਚਾਈ ਹੈ ਇਹ ਸਾਡੀ ਅਯੋਗਤਾ ਦੇ ਸਬਬ ਹੋਇਆ ਹੈ ਅਸਾਵਧਾਨੀ ਨਾਲ ਹੋਇਆ ਹੈ ਜਾਂ ਹਾਦਸੇ ਰੂਪ ਵਿੱਚ ਇਹ ਘਟਨਾ ਵਾਪਰੀ ਹੈ । ਕੋਈ ਵੀ ਕਾਰਣ ਹੋਵੇ ਇਸਦਾ । ਅਸੀਂ ਇਸ

ਨੂੰ 'ਇੰਸ਼ਾਅਲੱਾਹ' ਰੱਬ ਦੀ ਮਿਹਰ ਨਾਲ ਮੁੜ੍ਹ ਸੁੰਦਰ ਸਰੂਪ ਬਨਾਉਣਾ ਹੈ । ਹੁਣ ਦੀ ਘੜੀ ਮੈਂਨੂੰ ਇਸ ਬਾਰੇ ਜਮਤਾ ਨੂੰ ਕਹਿਣ ਦੀ ਕਿਸੇ ਨਵੀਂ ਤਹਿਰੀਕ ਦੀ ਲੋੜ ਨਹੀਂ ਹੈ , ਪਰ ਲੋਕਾਂ ਨੇ ਬਿਨਾ ਆਖਿਆਂ ਹੀ ਆਪਣੇ ਆਪ ਇਸ ਕਾਰਜ ਲਈ ਰਕਮੀ ਭੇਜਣੀ ਸ਼ੁਰੂ ਕਰ ਦਿੱਤੀ ਹੈ । ਬੱਚਿਆਂ ਨੇ ਵਿਸ਼ੇਸ਼ ਰੂਪ ਵਿੱਚ ਇਸ ਵਿੱਚ ਚੰਦਾ ਦੇਣਾ ਸ਼ੁਰੂ ਕੀਤਾ ਹੋਇਆ ਹੈ ਬਿਨਾ ਕਹੇ ਹੀ, ਬੱਚੇ ਆਪਣੇ ਆਪ ਹੀ ਆਪਣੀਆਂ ਬੁੱਘੀਆਂ ਪੇਸ਼ ਕਰ ਰਹੇ ਹਨ, ਸੱਤ ਅੱਠ ਸਾਲ ਦੀ ਇਕ ਬੱਚੀ ਨੇ ਆਪਣੇ ਪਿਤਾ ਨੂੰ ਕਿਹਾ ਕਿ ਇਹਨਾ ਹਾਲ ਵਿੱਚ ਤਾਂ ਅਸੀਂ ਜਾਕੇ ਖਾਣਾ ਖਾਇਆ ਕਰਦੇ ਸੀ ਖੇਡਿਆ ਕਰਦੇ ਸੀ, ਫੰਗਸ਼ਨ ਵੀ ਕਰਦੇ ਸੀ, ਤਾਂ ਸਾਨੂੰ ਵੀ ਇਸ ਵਿੱਚ ਆਪਣਾ ਹਿਸੱਾ ਪਾਉਣਾ ਚਾਹੀਦਾ ਹੈ ਇਸ ਦੀ ਮੁੜ੍ਹ ਉਸਾਰੀ ਵਿੱਚ । ਇਹ ਬੱਚੀ ਦੀ ਭਾਵਨਾ ਹੈ ਇਸ ਲਈ ਮੇਰੇ ਕੋਲ ਜੋ ਪੈਸੇ ਜਮਾ ਹਨ ਮੈਂ ਦਿੰਦੀ ਹਾਂ ਅਤੇ ਆਪਣੀ ਬੁੱਘੀ ਚੁੱਕ ਲਿਆਈ । ਸੋ, ਜੱਦ ਕੌਮ ਦੇ ਬੱਚੇ ਵੀ ਅਜਿਹਾ ਨਿਸ਼ਚਾ ਰੱਖਦੇ ਹੋਣ ਤਾਂ ਫਿਰ ਉਹਨਾਂ ਨੂੰ ਕੌਣ ਨਿਰਾਸ਼ ਕਰ ਸਕਦਾ ਹੈ ਇਹ ਮਮੂਲੀ ਹਾਨੀ ਕੀ ਕਹਿ ਸਕਦੀ ਹੈ ।

ਇਕ ਸਾਹਿਬ ਲਾਇਬ੍ਰੇਰੀ ਵਿੱਚ ਬੈਠੇ ਹੋਏ ਕੰਮ ਕਰ ਰਹੇ ਸਨ ਅਤੇ ਉਹਨਾਂ ਨੂੰ ਪਤਾ ਹੀ ਨਹੀਂ ਲੱਗਿਆ ਕਿ ਬਾਹਰ ਕੀ ਹੋ ਰਿਹਾ ਹੈ । ਰੱਬ ਨੇ ਉਹਨਾਂ ਨੂੰ ਚਮਤਕਾਰੀ ਰੂਪ ਵਿੱਚ ਬਚਾ ਲਿਆ । ਉਹਨਾਂ ਲਈ ਤਾਂ ਇਹ ਹੋਰ ਵੀ ਵੱਡਾ ਚਮਤਕਾਰ ਹੈ । ਇਹ ਕੁਝ ਸੈਕੰਡਾਂ ਦੀ ਦੇਰੀ ਵੀ ਉਹਨਾ ਨੂੰ ਸਾੜ ਸਕਦੀ ਸੀ । ਬਹਿਰਹਾਲ, ਰੱਬ ਨੇ ਮਿਹਰ ਕੀਤੀ । ਹਜ਼ੂਰ ਨੇ ਫ਼ਰਮਾਇਆ, ਹਾਸਦਾਂ, ਕੀਨਾ ਤੇ ਸਾੜਾ ਰਖੱਣ ਵਾਲਿਆਂ ਦੇ ਕੀਨੇ ਤਾਂ ਹੋਰ ਵਧੱਣਗੇ ਇਸ ਲਈ ਦੁਆਵਾਂ ਵੱਲ ਧਿਆਨ ਦਿਓ । "ਰੱਬਿ ਕੁੱਲੁ ਸ਼ੈਇਨ ਖ਼ਾਦਿਮੁਕਾ ਰੱਬਿ ਫ਼ਾਫ਼ਿਜ਼ਨੀ ਵਨਸੁਰਨੀ ਵਰਹਮਨੀ" ( ربِ کل شیء خادمك رب فاحفظنی وانصرنی وارحمنی ) ਦੀ ਦੁਆ ਅਤੇ ਅਲੱਾਹੁਮੱਾ ਇਨੱਾ ਨਜਆਲੁਕਾ ਫ਼ੀ ਨਹੂਰਿਹਿਮ ਵ ਨਊਜ਼ੁਬਿਕਾ ਮਿੰਨ ਸ਼ੁਰੂਰਿਹਿਮ' ( اللھم انا نجعلك فی نحورھم ونعوذبك من شرورھم ) ਦੀ ਦੁਆ ਪੜ੍ਹੋ ਅਤੇ "ਰਬੱਨਾ ਆਤਿਨਾ ਫ਼ਿੱਦੁਨੀਆ ਹਾਸਾਨਾਤੰਵ ਵਫ਼ਿਲ ਆਖ਼ਿਰਾਤਿ ਹਾਸਾਨਾਤੰਵ ਵਾਕਿਨਾ ਅਜ਼ਾਬਨੱਾਰਿ" ( ربنا اتنا فی الدنیا حسنة وفی الاخرة حسنة وقنا عذاب النار ) ਦੀ ਦੁਆ ਪੜ੍ਹਨੀ ਚਾਹੀਦੀ ਹੈ । ਜੇਕਰ ਇਹ ਘਟਨਾ ਵਾਸਤਵ ਵਿੱਚ ਸਾਡੀ ਅਯੋਗਤਾ ਤੇ ਕਮਜ਼ੋਰੀ ਦੇ ਸਬਬ ਹੋਈ ਹੈ ਤਾਂ 'ਇਸਤਗ਼ਫ਼ਾਰ' ਵੀ ਬਹੁਤ ਅਧਿਕ ਪੜ੍ਹਨ ਦੀ ਲੋੜ ਹੈ । ਅਲੱਾਹ ਤਆਲਾ ਸਨੂੰ ਭਵਿੱਖ ਵਿੱਚ ਵੀ ਆਪਣੀਆਂ ਜ਼ਿੰਮੇਦਾਰੀਆਂ ਉਚਿੱਤ ਢੰਗ ਨਾਲ ਨਿਭਾਉਣ ਦੀ ਤੌਫ਼ੀਕ ਪ੍ਰਦਾਨ ਕਰੇ ਅਤੇ ਇਹਨਾ ਕੰਮਜ਼ੋਰੀਆਂ ਨੂੰ ਦੂਰ ਫ਼ਰਮਾਏ ਅਤੇ ਜੇਕਰ ਇਹ ਪ੍ਰੀਖਿਆ ਹੈ ਤਾਂ ਰੱਬ ਸਾਨੂੰ ਇਸ ਵਿੱਚ ਵੀ ਸਫ਼ਲਤਾ ਪ੍ਰਦਾਨ ਕਰੇ ਅਤੇ ਆਪਣੇ ਉਪਹਾਰਾਂ ਨਾਲ ਪਹਿਲਾਂ ਤੋਂ ਵੱਧਕੇ ਬੱਖ਼ਸ਼ੇ ਅਤੇ ਸਬਰ ਸੰਤੋਖੀਆਂ ਵਿੱਚ ਸਾਡੀ ਗਿਣਤੀ ਕਰੇ ਜਿੰਨ੍ਹਾ ਨੂੰ ਖ਼ੁਸ਼ਖ਼ਬਰੀਆਂ ਪ੍ਰਦਾਨ ਕਰਦਾ ਹੈ ਅਤੇ ਪਹਿਲਾਂ ਤੋਂ ਵੱਧਕੇ ਅਸੀਂ ਤਰੱਕੀਆਂ ਦੇਖੀਏ ।

ਜੁਮਏ ਦੇ ਖ਼ੁਤਬੇ ਦੇ ਅਖੀਰ ਵਿੱਚ ਹਜ਼ੂਰ ਅਨਵਰ ਨੇ ਮੁਕਰੱਮ ਚੌਧਰੀ ਮਹਮੂਦ ਅਹਮਦ ਸਾਹਬ ਮੁਬੱਸ਼ਰ ਦਰਵੇਸ਼ ਕਾਦੀਆਂ, ਅਤੇ ਮੁਕਰੱਮ ਖ਼ਾਲਦ ਸਲੀਮ ਅਬੱਾਸ ਅਬੁਲਹਾਜੀ ਸਾਹਬ ਆਫ਼ ਸੀਰੀਯਾ ਅਤੇ ਸੀਰੀਯਾ ਵਿੱਚ ਹੀ ਸ਼ਹੀਦ ਹੋਣ ਵਾਲੇ ਇਕ ਮਰਹੂਮ ਅਹਮਦੀ ਭਾਈ ਦੇ ਗੁਣਾ ਅਤੇ ਸੇਵਾਵਾਂ ਦਾ ਵਰਨਣ ਕੀਤਾ ਅਤੇ ਨਮਾਜ਼ ਜਨਾਜ਼ਾਂ ਗ਼ਾਇਬ ਪੜ੍ਹਾਉਣ ਦਾ ਐਲਾਨ ਕੀਤਾ ।

**Khulasa Khutba 02.10.2015**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131